HSBC

# ਐਚਐਸਬੀਸੀ ਫ਼ਾਰਮ 15 ਜੀ ਅਤੇ 15 ਐਚ

ਟਾਈਮ ਡਿਪਾਜ਼ਿਟਾਂ'ਤੇ ਭੁਗਤਾਇਆ/ਜਮ੍ਹਾ ਕੀਤਾ ਗਿਆ ਵਿਆਜ ਇਨਕਮ ਟੈਕਸ ਐਕਟ, 1961 ਦੇ ਪ੍ਰਾਵਧਾਨਾਂ ਅਧੀਨ ਲਾਗੂ ਦਰਾਂ 'ਤੇ ਸ੍ਰੋਤ'ਤੇ ਟੈਕਸ (ਟੀਡੀਐਸ) ਦੀ ਕਟੌਤੀ ਦੇ ਤਹਿਤ ਹੈ।

ਬਹਰਹਾਲ, ਐਸਾ ਟੀਡੀਐਸ ਹੇਠਲੀਆਂ ਹਾਲਤਾਂ ਵਿੱਚ ਲਾਗੂ ਨਹੀਂ ਹੋਏਗਾ:

1. ਜਦੋਂ ਕਿ ਕਿਸੇ ਵਿਅਕਤੀ (ਬਿਨਾ ਸੀਨੀਅਰ ਸਿਟੀਜ਼ਨ ਦੇ) ਨੂੰ ਜੋ ਭਾਰਤ ਵਿੱਚ **ਰਹਿੰਦਾ** ਹੈ, ਕਿਸੇ ਸ਼ਾਖਾ ਦੁਆਰਾ ਭੁਗਤਾਇਆ/ਜਮ੍ਹਾ ਕੀਤਾ ਗਿਆ ਕੁੱਲ ਜਮ੍ਹਾ ਵਿਆਜ ਇਕ ਵਿੱਤੀ ਸਾਲ (ਜੋ 1 ਅਪ੍ਰੈਲ ਤੋਂ 31 ਮਾਰਚ ਤਕ ਚਲਦਾ ਹੈ) ਦੌਰਾਨ ਰੁ. 40,000 (1 ਅਪ੍ਰੈਲ 2019 ਤੋਂ ਪਹਿਲਾਂ, ਰੁ. 10,000) ਤੋਂ ਵੱਧ ਨਾ ਹੋਵੇ।

   ਰੈਜ਼ੀਡੇਂਟ (ਨਿਵਾਸੀ) ਸੀਨੀਅਰ ਸਿਟੀਜ਼ਨ ਦੀ ਹਾਲਤ ਵਿੱਚ, ਇਕ ਵਿੱਤੀ ਸਾਲ ਦੌਰਾਨ ਇਹ ਅਵਸੀਮਾ ਰੁ. 50,000 ਹੈ।

2. **ਕਿਸੇ ਵੀ ਵਿਅਕਤੀ (ਕੰਪਨੀ ਜਾਂ ਫ਼ਰਮ ਤੋਂ ਬਿਨਾ)** [ਸੈਕਸ਼ਨ 197ਏ(1ਏ) ਰੂਲ 29ਸੀ ਨਾਲ ਪੜ੍ਹਿਆ ਗਿਆ] ਦੀ ਹਾਲਤ ਵਿੱਚ:

   ਏ) ਜੋ ਭਾਰਤ ਵਿੱਚ **ਨਿਵਾਸੀ** ਹੈ; ਅਤੇ

   ਬੀ) ਜਿਸ ਦੀ ਸੰਬੰਧਿਤ ਵਿੱਤੀ ਸਾਲ (ਜੋ 1 ਅਪ੍ਰੈਲ ਤੋਂ 31 ਮਾਰਚ ਤਕ ਚਲਦਾ ਹੈ) ਲਈ ਅਨੁਮਾਨਿਤ ਕੁੱਲ ਆਮਦਨੀ 'ਤੇ **ਸਾਲਾਨਾ ਕੁੱਲ ਇਨਕਮ ਟੈਕਸ ਦੇਣਦਾਰੀ ਸਿਫ਼ਰ** ਹੈ (ਕਿਰਪਾ ਕਰਕੇ ਇਹ ਜਾਣ ਲਓ ਕਿ ਕੁੱਲ ਇਨਕਮ ਟੈਕਸ ਦੇਣਦਾਰੀ ਦਾ ਹਿਸਾਬ ਟੀਡੀਐਸ ਨੂੰ ਅਣਡਿੱਠ ਕਰ ਕੇ ਲਗਾਇਆ ਜਾਂਦਾ ਹੈ); ਅਤੇ

   ਸੀ) ਸੰਬੰਧਿਤ ਵਿੱਤੀ ਸਾਲ ਦੌਰਾਨ ਟਰਮ ਡਿਪਾਜ਼ਿਟਾਂ 'ਤੇ ਭੁਗਤਾਨਯੋਗ/ਜਮ੍ਹਾ ਹੋਣ ਵਾਲਾ ਕੁੱਲ ਜਮ੍ਹਾ ਵਿਆਜ, ਐਸੇ ਇਕ ਵਿਅਕਤੀ ਦੀ ਹਾਲਤ ਵਿੱਚ ਇਨਕਮ ਟੈਕਸ ਲਈ ਨਾ ਚਾਰਜ ਕੀਤੀ ਜਾਣ ਵਾਲੀ ਅਧਿਕਤਮ ਰਕਮ ਤੋਂ **ਵੱਧ ਨਹੀਂ ਹੈ,** ਅਤੇ

   ਡੀ) ਜੋ ਨਿਰਧਾਰਿਤ **ਫ਼ਾਰਮ ਨੰ. 15ਜੀ (ਦੋ ਪ੍ਰਤੀਆਂ ਵਿੱਚ) ਹਰ** ਵਿੱਤੀ ਸਾਲ ਲਈ ਖ਼ੂਬ ਪੇਸ਼ਗੀ ਪੂਰੀ ਤਰ੍ਹਾਂ **ਭਰ** ਕੇ ਬ੍ਰਾਂਚ ਵਿੱਚ ਦਰਜ ਕਰ ਦੇਂਦਾ ਹੈ।

ਕਿਰਪਾ ਕਰਕੇ ਇਹ ਜਾਣ ਲਓ ਕਿ ਫ਼ਾਰਮ 15ਜੀ ਹਰ ਵਿੱਤੀ ਸਾਲ ਲਈ ਦੇਣਾ ਹੁੰਦਾ ਹੈ ਅਤੇ ਜੇ ਫ਼ਾਰਮ 15ਜੀ ਦੇਣ ਵਿੱਚ ਦੇਰ/ਅਣਗਹਿਲੀ ਕੀਤੀ ਜਾਏ, ਤਾਂ ਬੈਂਕ ਨੂੰ ਐਸੀ ਸਪੁਰਦਗੀ ਦੀ ਮਿਤੀ ਨੂੰ ਜਾਂ ਇਸ ਤੋਂ ਪਹਿਲਾਂ ਭੁਗਤਾਏ/ਜਮ੍ਹਾ ਕਰਾਏ ਵਿੱਆਜ 'ਤੇ ਬਾਕੀ ਬਣਦੇ ਟੀਡੀਐਸ ਦੀ ਬੈਂਕ ਦੁਆਰਾ ਕਟੌਤੀ ਕੀਤੀ ਜਾਏਗੀ। ਐਸੇ ਟੀਡੀਐਸ ਦੇ ਰੀਫ਼ੰਡ ਲਈ ਕੋਈ ਵੀ ਦਾਅਵਾ ਬੈਂਕ ਨੂੰ ਨਹੀਂ ਸਗੋਂ ਇਨਕਮ ਟੈਕਸ ਵਿਭਾਗ ਨੂੰ ਕਰਨਾ ਹੋਏਗਾ।

3. **ਕਿਸੇ ਵਿਅਕਤੀ** [ਸੈਕਸ਼ਨ 197ਏ(1ਸੀ) ਰੂਲ 29ਸੀ ਦੇ ਨਾਲ ਪੜ੍ਹਿਆ ਗਿਆ] ਦੀ ਹਾਲਤ ਵਿੱਚ:

   ਏ) ਜੋ ਭਾਰਤ ਵਿੱਚ **ਨਿਵਾਸੀ** ਹੈ; ਅਤੇ

   ਬੀ) ਜੋ ਸੰਬੰਧਿਤ ਵਿੱਤੀ ਸਾਲ (ਜੋ 1 ਅਪ੍ਰੈਲ ਤੋਂ 31 ਮਾਰਚ ਤਕ ਚਲਦਾ ਹੈ) ਦੌਰਾਨ **ਕਿਸੇ ਵੀ ਸਮੇਂ 60 ਸਾਲ ਤੋਂ ਵੱਧ ਉਮਰ ਦਾ ਹੈ,** ਅਤੇ

   ਸੀ) ਜਿਸ ਦੀ ਸੰਬੰਧਿਤ ਵਿੱਤੀ ਸਾਲ ਲਈ ਅਨੁਮਾਨਿਤ ਕੁੱਲ ਆਮਦਨੀ 'ਤੇ **ਸਾਲਾਨਾ ਕੁੱਲ ਇਨਕਮ ਟੈਕਸ ਦੇਣਦਾਰੀ ਸਿਫ਼ਰ** ਹੈ (ਕਿਰਪਾ ਕਰਕੇ ਇਹ ਜਾਣ ਲਓ ਕਿ ਕੁੱਲ ਇਨਕਮ ਟੈਕਸ ਦੇਣਦਾਰੀ ਦਾ ਹਿਸਾਬ ਟੀਡੀਐਸ ਨੂੰ ਅਣਡਿੱਠ ਕਰ ਕੇ ਲਗਾਇਆ ਜਾਂਦਾ ਹੈ); ਅਤੇ

   ਡੀ) ਸੰਬੰਧਿਤ ਵਿੱਤੀ ਸਾਲ ਦੌਰਾਨ ਟਰਮ ਡਿਪਾਜ਼ਿਟਾਂ 'ਤੇ ਭੁਗਤਾਨਯੋਗ/ਜਮ੍ਹਾ ਹੋਣ ਵਾਲਾ ਕੁੱਲ ਜਮ੍ਹਾ ਵਿਆਜ, ਐਸੇ ਇਕ ਵਿਅਕਤੀ ਦੀ ਹਾਲਤ ਵਿੱਚ ਇਨਕਮ ਟੈਕਸ ਲਈ ਨਾ ਚਾਰਜ ਕੀਤੀ ਜਾਣ ਵਾਲੀ ਅਧਿਕਤਮ ਰਕਮ ਤੋਂ **ਵੱਧ ਨਹੀਂ ਹੈ,** ਅਤੇ

   ਈ) ਜੋ ਨਿਰਧਾਰਿਤ **ਫ਼ਾਰਮ ਨੰ. 15ਐਚ (ਦੋ ਪ੍ਰਤੀਆਂ ਵਿੱਚ) ਹਰ** ਵਿੱਤੀ ਸਾਲ ਲਈ ਖ਼ੂਬ ਪੇਸ਼ਗੀ ਪੂਰੀ ਤਰ੍ਹਾਂ **ਭਰ** ਕੇ ਬ੍ਰਾਂਚ ਵਿੱਚ ਦਰਜ ਕਰ ਦੇਂਦਾ ਹੈ।

ਕਿਰਪਾ ਕਰਕੇ ਇਹ ਜਾਣ ਲਓ ਕਿ ਫ਼ਾਰਮ 15ਐਚ ਹਰ ਵਿੱਤੀ ਸਾਲ ਲਈ ਦੇਣਾ ਹੁੰਦਾ ਹੈ ਅਤੇ ਜੇ ਫ਼ਾਰਮ 15ਐਚ ਦੇਣ ਵਿੱਚ ਦੇਰ/ਅਣਗਹਿਲੀ ਕੀਤੀ ਜਾਏ, ਤਾਂ ਬੈਂਕ ਨੂੰ ਐਸੀ ਸਪੁਰਦਗੀ ਦੀ ਮਿਤੀ ਨੂੰ ਜਾਂ ਇਸ ਤੋਂ ਪਹਿਲਾਂ ਭੁਗਤਾਏ/ਜਮ੍ਹਾ ਕਰਾਏ ਵਿੱਆਜ 'ਤੇ ਬਾਕੀ ਬਣਦੇ ਟੀਡੀਐਸ ਦੀ ਬੈਂਕ ਦੁਆਰਾ ਕਟੌਤੀ ਕੀਤੀ ਜਾਏਗੀ। ਐਸੇ ਟੀਡੀਐਸ ਦੇ ਰੀਫ਼ੰਡ ਲਈ ਕੋਈ ਵੀ ਦਾਅਵਾ ਬੈਂਕ ਨੂੰ ਨਹੀਂ ਸਗੋਂ ਇਨਕਮ ਟੈਕਸ ਵਿਭਾਗ ਨੂੰ ਕਰਨਾ ਹੋਏਗਾ।

INTERNAL

Issued by The Hongkong and Shanghai Banking Corporation Limited, India. Incorporated in Hong Kong SAR with limited liability.